# ਖ਼ਾਲਸਾ ਕਾਲਜ ਅੰਮ੍ਰਿਤਸਰ ਨੇ 'ਗੁਰੂ ਨਾਨਕ ਬਾਣੀ ਦਾ ਗੌਰਵ : ਵਿਭਿੰਨ ਪਰਿਪੇਖ' ਵਿਸ਼ੇ 'ਤੇ ਇਕ-ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ

ਸਮੁੱਚੇ ਵਿਸ਼ਵ ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵੱਖ ਵੱਖ ਕਿਸਮ ਦੇ ਸਮਾਗਮ ਕਰਵਾਏ ਜਾ ਰਹੇ ਹਨ, ਇਸੇ ਲੜੀ ਤਹਿਤ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਵਲੋਂ 'ਗੁਰੂ ਨਾਨਕ ਬਾਣੀ ਦਾ ਗੌਰਵ : ਵਿਭਿੰਨ ਪਰਿਪੇਖ' ਵਿਸ਼ੇ ਤੇ ਇਕ-ਰੋਜਾ ਰਾਸ਼ਟਰੀ ਸੈਮੀਨਾਰ 28 ਫਰਵਰੀ ਨੂੰ ਕਾਲਜ ਦੇ ਸੈਮੀਨਾਰ ਹਾਲ ਵਿਚ ਕਰਵਾਇਆ ਗਿਆ। ਇਸ ਸੈਮੀਨਾਰ ਦੇ ਪਹਿਲੇ ਉਦਘਾਟਨੀ ਸੈਸ਼ਨ ਵਿਚ ਮੁੱਖ ਮਹਿਮਾਨ ਵਜੋਂ ਜਥੇਦਾਰ ਅਕਾਲ ਤਖਤ, ਸਿੰਘ ਸਾਹਿਬ ਭਾਈ ਹਰਪ੍ਰੀਤ ਸਿੰਘ ਜੀ ਸ਼ਾਮਲ ਹੋਏ ਜਦਕਿ ਮੁੱਖ ਬੁਲਾਰੇ ਵਜੋਂ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਨਾਨਕ ਬਾਣੀ ਦੇ ਵਿਭਿੰਨ ਪਰਿਪੇਖਾਂ ਤੇ ਚਾਨਣਾ ਪਾਇਆ।

ਮੁੱਖ ਮਹਿਮਾਨ, ਪੇਪਰ ਪੜ੍ਹਨ ਵਾਲੇ ਵਿਦਵਾਨਾਂ ਅਤੇ ਹਾਜ਼ਰ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਡੀਨ ਭਾਸ਼ਾਵਾਂ ਪ੍ਰੋ. ਸੁਖਮੀਨ ਬੇਦੀ ਨੇ ਕਿਹਾ ਕਿ ਖ਼ਾਲਸਾ ਕਾਲਜ ਜਿਥੇ ਗੁਰੂ ਨਾਨਕ ਬਾਣੀ 'ਤੇ ਪੇਪਰ ਪੜ੍ਹਨ ਵਾਲੇ ਵਿਦਵਾਨਾਂ ਦਾ ਧੰਨਵਾਦੀ ਹੈ ਉਥੇ ਅਸੀਂ ਸਿੰਘ ਸਾਹਿਬ ਦੇ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੇ ਰੁਝੇਵਿਆਂ ਭਰੇ ਜੀਵਨ ਵਿਚੋਂ ਖ਼ਾਲਸਾ ਪਰਿਵਾਰ ਲਈ ਸਮਾਂ ਕੱਢਿਆ ਹੈ।

ਸੈਮੀਨਾਰ ਦੇ ਮੁੱਖ ਵਕਤਾ, ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਇਕ ਵੱਡੀ ਸ਼ਖਸੀਅਤ ਸਨ ਜਿੰਨਾ ਦੀ ਆਮਦ ਨਾਲ ਇਸ ਸੰਸਾਰ ਦੀ ਜੀਵਨ ਜਾਚ ਵਿਚ ਮਿਲਵਰਤਣ, ਆਪਸੀ ਸਹਿਹੋਂਦ ਅਤੇ ਕਿਰਤ ਦਾ ਮਹੱਤਵ ਵਧਿਆ ਹੈ। ਗੁਰੂ ਸਾਹਿਬ ਨੇ ਕਿਰਤ ਕਰਨ ਦੇ ਨਾਲ ਨਾਲ ਵੰਡ ਛਕਣ ਅਤੇ ਆਪਣੀ ਕਿਰਤ ਦੀ ਰਾਖੀ ਕਰਨ ਦੀ ਵੀ ਗੱਲ ਕੀਤੀ ਹੈ, ਉਨ੍ਹਾਂ ਨੇ ਬੇਖ਼ੌਫ ਹੋ ਕੇ ਆਪਣੀ ਬਾਣੀ ਵਿਚ ਸੱਚੇ ਨੂੰ ਸੱਚਾ ਅਤੇ ਝੂਠੇ ਨੂੰ ਝੂਠਾ ਕਿਹਾ ਹੈ। ਉਹਨਾਂ ਇਹ ਵੀ ਕਿਹਾ ਕਿ ਅਜੋਕੇ ਪੰਜਾਬੀਆਂ ਅਤੇ ਵਿਸ਼ਵ ਨੂੰ ਜੋ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹਨਾਂ ਦਾ ਮੁੱਖ ਕਾਰਨ ਇਹ ਹੈ ਕਿ ਅਸੀਂ ਗੁਰੂ ਨਾਨਕ ਦੇ ਫਲਸਫੇ ਅਤੇ ਜੀਵਨ ਜਾਚ ਤੋਂ ਦੂਰ ਹੋ ਗਏ ਹਾਂ।

ਸੈਮੀਨਾਰ ਦੇ ਮੁੱਖ ਮਹਿਮਾਨ ਵਜੋਂ ਪਹੁੰਚੇ ਜਥੇਦਾਰ ਅਕਾਲ ਤਖਤ, ਸਿੰਘ ਸਾਹਿਬ ਭਾਈ ਹਰਪ੍ਰੀਤ ਸਿੰਘ ਜੀ ਨੇ ਕਿਹਾ ਕਿ ਇਸ ਸਮੇਂ ਪੰਜਾਬ ਭਾਰਤ ਅਤੇ ਸਮੁੱਚੇ ਵਿਸ਼ਵ ਵਿਚ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਇਕ ਸ਼ਤਾਬਦੀ ਦਿਹਾੜੇ ਵਜੋਂ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਜੀ ਦੀ ਆਮਦ ਸਮੇਂ ਪ੍ਰਚੱਲਿਤ ਧਰਮ ਨਦੀਆਂ ਨਾਲਿਆਂ ਅਤੇ ਖੂਹਾਂ ਵਾਂਗ ਸੀਮਿਤ ਹੋ ਗਏ ਸਨ ਜਦਕਿ ਗੁਰੂ ਨਾਨਕ ਦੁਆਰਾ ਚਲਾਇਆ ਗਿਆ ਨਵਾਂ ਧਰਮ ਮੀਂਹ ਵਾਂਗ ਸਭ ਲਈ ਬਿਨਾਂ

ਕਿਸੇ ਵਿਤਕਰੇ ਦੇ ਰਹਿਮਤਾਂ ਬਖਸ਼ਿਸ਼ਾਂ ਲੈ ਕੇ ਆਇਆ। ਉਨ੍ਹਾਂ ਕਿਹਾ ਕਿ ਸਿੱਖ ਧਰਮ ਕਿਸੇ ਇਲਾਕੇ ਜਾਂ ਫਿਰਕੇ ਦਾ ਧਰਮ ਨਹੀਂ ਹੈ ਸਗੋਂ ਇਹ ਸਮੁੱਚੇ ਵਿਸ਼ਵ ਦਾ ਧਰਮ ਹੈ।

ਇਸ ਸੈਮੀਨਾਰ ਦੇ ਦੂਸਰੇ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਸ੍ਰ. ਅਮਰਜੀਤ ਸਿੰਘ ਗਰੇਵਾਲ ਨੇ ਕੀਤੀ ਜਦਕਿ ਤਿੰਨ ਪ੍ਰਮੁੱਖ ਵਿਦਵਾਨ ਨੇ ਗੁਰੂ ਨਾਨਕ ਬਾਣੀ ਨਾਲ ਸਬੰਧਤ ਆਪਣੇ ਪੇਪਰ ਪੜ੍ਹੇ। ਡਾ. ਸਾਬਰ ਕਿਸੇ ਕਾਰਨ ਇਸ ਸੈਮੀਨਾਰ ਵਿਚ ਨਹੀਂ ਪਹੁੰਚ ਸਕੇ। ਡਾ. ਮਨਵਿੰਦਰ ਸਿੰਘ 'ਵਿਦਿਆ ਪ੍ਰਤੀ ਗੁਰੂ ਨਾਨਕ ਦੇਵ ਜੀ ਦੇ ਦ੍ਰਿਸ਼ਟੀਕੋਣ' ਦੀ ਮਹੱਤਤਾ' ਵਿਸ਼ੇ ਤੇ ਆਪਣਾ ਪੇਪਰ ਪੇਸ਼ ਕਰਦਿਆ ਕਿਹਾ ਕਿ ਗੁਰੂ ਜੀ ਸਭ ਨੂੰ ਗਿਆਨਵਾਨ ਬਣਾਉਣਾ ਚਾਹੁੰਦੇ ਸਨ ਜਦਕਿ ਅਜੋਕੀ ਸਿੱਖਿਆ ਪ੍ਰਣਾਲੀ ਜੋ ਮੁਨਾਫਾ ਮੁੱਖ ਬਣ ਗਈ ਹੈ, ਇਹ ਗੁਰੂ ਨਾਨਕ ਦੇ ਆਸ਼ਿਆਂ ਤੋਂ ਦੂਰ ਜਾ ਰਹੀ ਹੈ। ਡਾ. ਅਮਰਜੀਤ ਸਿੰਘ ਨੇ ਗੁਰੂ ਨਾਨਕ ਦੇ ਜੀਵਨ ਬਾਰੇ ਬੋਲਦਿਆਂ ਕਿਹਾ ਕਿ ਗੁਰੂ ਜੀ ਨੇ ਸੱਚ ਦੇ ਗਿਆਨ ਦੇ ਪ੍ਰਚਾਰ ਲਈ ਚਾਰ ਉਦਾਸੀਆਂ ਕਰਕੇ ਦੂਰ ਦੂਰ ਬੈਠੇ ਲੋਕਾਂ ਨੂੰ ਸਹੀ ਰਸਤੇ ਤੇ ਪਾਇਆ। 'ਗੁਰੂ ਨਾਨਕ ਬਾਣੀ ਫੋਕਟ ਕਰਮ ਕਾਂਡਾਂ ਦਾ ਖੰਡਨ' ਵਿਸ਼ੇ ਤੇ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਆਪਣਾ ਪੇਪਰ ਪੇਸ਼ ਕਰਦਿਆਂ ਕਿਹਾ ਕਿ ਗੁਰੂ ਨਾਨਕ ਜੀ ਦੀ ਆਮਦ ਸਮੇਂ ਪੰਡਤਾਂ ਅਤੇ ਨਾਥਾਂ ਜੋਗੀਆਂ ਨੇ ਮਨੁੱਖ ਦੀ ਮੁਕਤੀ ਲਈ ਬਹੁਤ ਸਾਰੇ ਆਡੰਬਰ ਰਚ ਦਿੱਤੇ ਸਨ ਜਿੰਨ੍ਹਾਂ ਬਹਾਨੇ ਉਹ ਲੋਕਾਂ ਨੂੰ ਮੂਰਖ ਬਣਾ ਕੇ ਅਤੇ ਡਰਾ ਧਮਕਾ ਕੇ ਲੁੱਟਦੇ ਸਨ ਜਦਕਿ ਗੁਰੂ ਜੀ ਨੇ ਇਸ ਜੀਵਨ ਅਤੇ ਧਰਮ ਦੇ ਰਸਤੇ ਨੂੰ ਬੇਹੱਦ ਸਾਦਾ ਤੇ ਸੌਖਾ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਅੱਜ ਵੀ ਵਾਧੂ ਦੇ ਆਡੰਬਰਾਂ ਤੋਂ ਬਚਣਾ ਚਾਹੀਦਾ ਹੈ ਅਤੇ ਧਰਮ ਨੂੰ ਸਮਾਜ ਭਲਾਈ ਲਈ ਵਰਤਣਾ ਚਾਹੀਦਾ ਹੈ।

ਆਪਣੇ ਪ੍ਰਧਾਨਗੀ ਭਾਸ਼ਨ ਵਿਚ ਡਾ. ਅਮਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਆਧੁਨਿਕ ਵਿਦਿਆ ਪ੍ਰਣਾਲੀ ਨੂੰ ਸਮੇਂ ਦਾ ਹਾਣੀ ਬਣਨ ਲਈ ਨਵੇਂ ਵਿਗਿਆਨ ਅਤੇ ਟੈਕਨਾਲੋਜੀ ਦੀ ਵਰਤੋਂ ਕਰਨੀ ਚਾਹੀਦੀ ਹੈ। ਗੁਰੂ ਨਾਨਕ ਦੇ ਸਮੇਂ ਦੇ ਸੱਚ ਤੱਕ ਪਹੁੰਚਣ ਲਈ ਇਹ ਟੈਕਨਾਲੋਜੀ ਵੱਧ ਸਹਾਇਕ ਹੋ ਸਕਦੀ ਹੈ। ਸਮੁੱਚੇ ਸੈਮੀਨਾਰ ਦੌਰਾਨ ਸੈਮੀਨਾਰ ਦੇ ਕੋਆਰਡੀਨੇਟਰ ਡਾ. ਆਤਮ ਸਿੰਘ ਰੰਧਾਵਾ ਨੇ ਬਾਖੂਬੀ ਸਟੇਜ ਸੰਚਾਲਨ ਕੀਤਾ ਜਦਕਿ ਸੈਮੀਨਾਰ ਦੇ ਅਖੀਰ ਤੇ ਪੰਜਾਬੀ ਵਿਭਾਗ ਦੀ ਮੁਖੀ ਡਾ. ਦਵਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ, ਵੱਖ ਵੱਖ ਵਿਭਾਗਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਡਾ. ਭੁਪਿੰਦਰ ਸਿੰਘ, ਡਾ. ਪਰਮਿੰਦਰ ਸਿੰਘ, ਡਾ. ਕੁਲਦੀਪ ਸਿੰਘ ਢਿਲੋਂ, ਡਾ. ਹੀਰਾ ਸਿੰਘ, ਡਾ. ਮਿੰਨੀ ਸਲਵਾਨ, ਡਾ. ਹਰਜੀਤ ਕੌਰ, ਡਾ. ਗੁਰਿੰਦਰ ਕੌਰ, ਡਾ. ਜਸਬੀਰ ਸਿੰਘ, ਡਾ. ਅਮਨਦੀਪ ਕੌਰ, ਡਾ. ਗੁਰਸ਼ਿੰਦਰ ਕੌਰ, ਪ੍ਰੋ. ਪਵਨ ਕਮਾਰ, ਪ੍ਰੋ. ਹਰਵਿੰਦਰ ਕੌਰ, ਪ੍ਰੋ. ਗੁਰਸ਼ਰਨ ਸਿੰਘ, ਪ੍ਰੋ. ਆਰਤੀ, ਪ੍ਰੋ. ਬੇਵੀ ਸ਼ਰਮਾ, ਪ੍ਰੋ. ਬਲਜਿੰਦਰ ਸਿੰਘ ਵੀ ਹਾਜ਼ਰ ਸਨ।


ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਵੱਲੋਂ
KHALSA COLLEGE AMRITSAR


ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ
ਵੱਲੋਂ
ਇੱਕ ਰੋਜ਼ਾ ਨੈਸ਼ਨਲ ਸੈਮੀਨਾਰ
ਮਿਤੀ : 28 ਫਰਵਰੀ, 2019 || ਸਮਾਂ : ਸਵੇਰੇ 10:00 ਵਜੇ || ਸਥਾਨ : ਸੈਮੀਨਾਰ ਹਾਲ
ਗੁਰੂ ਨਾਨਕ ਬਾਣੀ ਦਾ ਗੌਰਵ : ਵਿਭਿੰਨ ਪਰਿਪੇਖ
ਮੁੱਖ ਮਹਿਮਾਨ
ਪ੍ਰਧਾਨਗੀ
ਪ੍ਰਿੰਸੀਪਲ
ਡਾ. ਮਹਿਲ ਸਿੰਘ


ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ
ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ
ਵੱਲੋਂ
ਇੱਕ ਰੋਜ਼ਾ ਨੈਸ਼ਨਲ ਸੈਮੀਨਾਰ
ਮਿਤੀ : 28 ਫਰਵਰੀ, 2019 || ਸਮਾਂ : ਸਵੇਰੇ 10:00 ਵਜੇ || ਸਥਾਨ : ਸੈਮੀਨਾਰ ਹਾਲ
ਬਾਣੀ ਦਾ ਗੌਰਵ :
ਪ੍ਰਧਾਨਗੀ
ਸ੍ਰ. ਰਜਿੰਦਰ ਮੋਹਨ ਸਿੰਘ ਛੀਨਾ ਜੀ
ਪ੍ਰਮੁੱਖ ਵਕਤੇ


ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ
ਵੱਲੋਂ
ਇੱਕ ਰੋਜ਼ਾ ਨੈਸ਼ਨਲ ਸੈਮੀਨਾਰ
ਮਿਤੀ : 28 ਫਰਵਰੀ, 2019 || ਸਮਾਂ : ਸਵੇਰੇ 10:00 ਵਜੇ || ਸਥਾਨ : ਸੈਮੀਨਾਰ ਹਾਲ
ਨਾਨਕ ਬਾਣੀ ਦਾ ਗੌਰਵ : ਵਿਭਿੰਨ ਪਰਿਪੇਖ
ਪ੍ਰਧਾਨਗੀ
ਸ੍ਰ. ਰਜਿੰਦਰ ਮੋਹਨ ਸਿੰਘ ਛੀਨਾ ਜੀ
ਪ੍ਰਿੰਸੀਪਲ
ਡਾ. ਮਹਿਲ ਸਿੰਘ
ਪ੍ਰਮੁੱਖ ਵਕਤੇ


ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਵੱਲੋਂ
ਮਿਤੀ : 28 ਫਰਵਰੀ, 2019 || ਸਮਾਂ : ਸਵੇਰੇ 10:00 ਵਜੇ || ਸਥਾਨ : ਸੈਮੀਨਾਰ ਹਾਲ
ਗੁਰੂ ਨਾਨਕ ਬਾਣੀ ਦਾ ਗੌਰਵ : ਵਿਭਿੰਨ ਪਰਿਪੇਖ
ਮੁੱਖ ਮਹਿਮਾਨ
ਗਿਆਨੀ ਹਰਪ੍ਰੀਤ ਸਿੰਘ ਜੀ
ਪ੍ਰਧਾਨਗੀ
ਪ੍ਰਿੰਸੀਪਲ


ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਵੱਲੋਂ
ਮਿਤੀ : 28 ਫਰਵਰੀ, 2019 || ਸਮਾਂ : ਸਵੇਰੇ 10:00 ਵਜੇ || ਸਥਾਨ : ਸੈਮੀਨਾਰ ਹਾਲ
ਗੁਰੂ ਨਾਨਕ ਬਾਣੀ ਦਾ ਗੌਰਵ : ਵਿਭਿੰਨ ਪਰਿਪੇਖ


ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

